# ਭਗਤ ਨਾਮਦੇਉ - ਸਬਦ ੧੪

## ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥

## ਰਾਗੁ ਧਨਾਸਰੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੬੯੩

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੧॥
ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥
ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੨॥
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੩॥
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੪॥
ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥
ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥

**ਸਾਰ:** ਸਾਡੀ ਅੰਤਰ-ਆਤਮਾ ਸ਼ਾਂਤੀ, ਸਪਸ਼ਟਤਾ ਅਤੇ ਸੰਪੂਰਨਤਾ ਦੀ ਤਾਂਘ ਰੱਖਦੀ ਹੈ, ਕਿਉਂਕਿ ਇਹ ਅਵਸਥਾਵਾਂ ਸਾਡੇ ਆਪੇ ਨਾਲ ਇਕਸੁਰ ਹੋ ਸਾਡੇ ਅੰਦਰ ਦੈਵੀ ਨਾਦ ਛੇੜਦੀਆਂ ਹਨ। ਭਟਕਣਾਵਾਂ ਦੀ ਹਫੜਾ-ਦਫੜੀ ਦੇ ਹੇਠਾਂ ਸਾਡੇ ਜੀਵਨ ਵਿਚ ਸੰਤੁਲਨ, ਸਹਿਜ, ਗੰਭੀਰਤਾ ਅਤੇ ਅਰਥ ਭਰਪੂਰਤਾ ਪੈਦਾ ਕਰਨ ਦੀ ਪ੍ਰਬਲ ਇੱਛਾ ਵਿਦਮਾਨ ਰਹਿੰਦੀ ਹੈ। ਜਿਵੇਂ ਧਰਤੀ ਜੀਵਨ ਨੂੰ ਕਾਇਮ ਰੱਖਣ ਲਈ ਮੀਂਹ ‘ਤੇ ਨਿਰਭਰ ਕਰਦੀ ਹੈ, ਇਸੇ ਤਰ੍ਹਾਂ ਸਾਨੂੰ ਵੀ ਆਪਣੀ ਭਲਾਈ ਲਈ ਰੂਹਾਨੀਅਤ ਦੀ ਜ਼ਰੂਰਤ ਹੁੰਦੀ ਹੈ ਜੋ ਅੰਤਰੀਵੀ ਤੌਰ 'ਤੇ ਬਿਬੇਕ, ਇਮਾਨਦਾਰੀ ਅਤੇ ਟਿਕਾਵ ਨਾਲ ਇਕਸੁਰ ਹੋਣ ਤੋਂ ਪ੍ਰਾਪਤ ਹੁੰਦੀ ਹੈ। ਜਦੋਂ ਜਾਗਰੂਕਤਾ ਦਿਲ ਨੂੰ ਪਿਆਰੀ ਲੱਗੇ, ਤਾਂ ਜੀਵਨ ਵਿਚਲੀ ਖੰਡਿਤਾ ਅਤੇ ਬੇਚੈਨੀ ਲਈ ਕੋਈ ਥਾਂ ਨਹੀਂ ਰਹਿੰਦੀ। ਸਾਡੀ ਅੰਤਰ-ਆਤਮਾ ਸਾਡੇ ਅੰਦਰ ਸਦਭਾਵਨਾ ਨੂੰ ਕਾਇਮ ਰੱਖਦੀ ਹੋਈ, ਉਸ ਅਹਿਮ ਪਲ ਵਿਚ, ਸ੍ਰਿਸ਼ਟੀ ਵਿਚਲੀ ਏਕਮਤਾ ਦੀ ਅਸਲੀਅਤ ਨਾਲ ਜੁੜ ਜਾਂਦੀ ਹੈ।

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥
ਜਿਵੇਂ ਮਾਰਵਾੜ ਦੇ ਮਾਰੂਥਲ ਲਈ ਪਾਣੀ ਜ਼ਰੂਰੀ ਹੈ, ਉਸੇ ਤਰ੍ਹਾਂ ਊਠ ਲਈ ਵੇਲ ਜ਼ਰੂਰੀ ਹੁੰਦੀ ਹੈ; ਇਹ ਭਾਵ ਦ੍ਰਿਸ਼ਟਾਂਤਿਕ ਤੌਰ 'ਤੇ ਅੰਤਰ-ਆਤਮਾ ਲਈ ਰੂਹਾਨੀ ਅਹਾਰ ਦੀ ਗੰਭੀਰ ਇੱਛਾ ਨੂੰ ਉਜਾਗਰ ਕਰਦਾ ਹੈ।

ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੧॥
ਜਿਵੇਂ ਰਾਤ ਨੂੰ ਸੰਗੀਤ ਦੀ ਮਧੁਰ ਧੁਨ ਹਿਰਨ ਨੂੰ ਮੁਗਧ ਕਰਦੀ ਹੈ, ਉਸੇ ਤਰ੍ਹਾਂ ਮੇਰੇ ਮਨ ਵਿਚ ਸਰਬ-ਵਿਆਪਕ ਚੇਤਨਾ ਵੀ। ਲੋਕ-ਕਥਾਵਾਂ ਦਾ ਇਹ ਸੰਕੇਤ ਸਾਡੀ ਅੰਤਰ-ਆਤਮਾ ਦੀ ਰੂਹਾਨੀ ਸਦਭਾਵਨਾ ਵੱਲ ਪੈਂਦੀ ਖਿੱਚ ਨੂੰ ਉਜਾਗਰ ਕਰਦਾ ਹੈ। (੧)

ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥
ਹੇ ਮੇਰੀ ਸਰਬਵਿਆਪੀ ਹਕੀਕਤ, ਤੇਰਾ ਮੂਲ ਸਰੂਪ ਸੁੰਦਰ ਹੈ, ਤੇਰਾ ਪ੍ਰਗਟਾਵਾ ਸੁੰਦਰ ਹੈ, ਤੇਰੇ ਅਨੇਕ ਰੂਪ ਸੁੰਦਰ ਹਨ। ਇਹ ਭਾਵ ਹੋਂਦ ਦੀ ਅਸੀਮ ਸੁੰਦਰਤਾ ਅਤੇ ਅਦਭੁਤਤਾ ਪ੍ਰਤੀ ਅਸੀਮ ਆਦਰ ਅਤੇ ਪ੍ਰਸ਼ੰਸਾ ਨੂੰ ਦਰਸਾਉਂਦਾ ਹੈ। (੧)(ਠਹਿਰਾਉ)

ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥
ਜਿਵੇਂ ਧਰਤੀ ਮੀਂਹ ਦਾ ਸਵਾਗਤ ਕਰਦੀ ਹੈ, ਉਸੇ ਤਰ੍ਹਾਂ ਭੌਰਾ ਫੁੱਲ ਦੀ ਖੁਸ਼ਬੂ ਵੱਲ ਖਿੱਚਿਆ ਜਾਂਦਾ ਹੈ। ਇਹ ਭਾਵ ਬਿਬੇਕ ਦੀ ਭਾਲ ਕਰਨ ਵਾਲੀ ਅੰਤਰ-ਆਤਮਾ ਦਾ ਪ੍ਰਤੀਕ ਹੈ, ਜੋ ਰੂਹਾਨੀਅਤ ਦੀ ਖਿੱਚ ਪਾਉਂਦੀ ਹੈ।

ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੨॥
ਜਿਵੇਂ ਕੋਇਲ ਅੰਬ ਦੇ ਰੁੱਖ ਨੂੰ ਪਿਆਰ ਕਰਦੀ ਹੈ, ਤਿਵੇਂ ਮੇਰਾ ਮਨ ਸਰਬਵਿਆਪੀ ਚੇਤਨਾ ਨੂੰ ਪਿਆਰ ਕਰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਅੰਤਰ-ਆਤਮਾ ਨੂੰ ਸਰਬਵਿਆਪੀ ਬਿਬੇਕ ਦੀ ਦਾਤ ਪ੍ਰਾਪਤ ਹੁੰਦੀ ਹੈ, ਤਾਂ ਉਹ ਪਵਿੱਤਰਤਾ ਦਾ ਆਲਮ ਵਿਚ ਖਿੜ ਉੱਠਦੀ ਹੈ। (੨)

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥

ਜਿਵੇਂ ਚਕਵੀ ਸੂਰਜ ਨੂੰ ਪਿਆਰ ਕਰਦੀ ਹੈ, ਉਸੇ ਤਰ੍ਹਾਂ ਹੰਸ ਮਾਨਸਰੋਵਰ ਝੀਲ ਨੂੰ ਪਿਆਰ ਕਰਦਾ ਹੈ। ਇਹ ਭਾਵ ਸਪਸ਼ਟਤਾ ਅਤੇ ਵਿਚਾਰਾਂ ਦੀ ਨਿਰਮਲਤਾ ਪ੍ਰਤੀ ਸਾਡੀ ਅੰਤਰ-ਆਤਮਾ ਦੀ ਤੀਬਰ ਇੱਛਾ ਨੂੰ ਦਰਸਾਉਂਦਾ ਹੈ।

ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੩॥

ਜਿਵੇਂ ਜੀਵਨ-ਸਾਥੀ ਆਪਣੇ ਸਾਥੀ ਨੂੰ ਪਿਆਰਾ ਹੁੰਦਾ ਹੈ, ਤਿਵੇਂ ਮੇਰੇ ਮਨ ਨੂੰ ਸਰਬਵਿਆਪੀ ਬਿਬੇਕ ਪਿਆਰਾ ਹੈ। ਇਹ ਭਾਵ ਅੰਤਰ-ਆਤਮਾ ਦੀ ਆਪਣੇ ਅਸਲ ਸਰੂਪ ਨਾਲ ਤੀਬਰ ਪਿਆਸ ਨੂੰ ਦਰਸਾਉਂਦਾ ਹੈ। (੩)

ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥

ਜਿਵੇਂ ਬੱਚਾ ਦੁੱਧ ਨੂੰ ਪਿਆਰ ਕਰਦਾ ਹੈ ਅਤੇ ਬਬੀਹਾ ਵਰਖਾ ਦੀ ਬੂੰਦ ਦਾ ਰਸ ਮਾਣਦਾ ਹੈ, ਤਿਵੇਂ ਸਰਬਵਿਆਪੀ ਸਤਾ ਨਾਲ ਸਾਡਾ ਸੰਬੰਧ ਵੀ ਸਿਰਫ਼ ਸ਼ਰਧਾ ਤੱਕ ਹੀ ਸੀਮਤ ਨਹੀਂ ਹੁੰਦਾ; ਇਹ ਇਕ ਅਜਿਹਾ ਬੰਧਨ ਹੈ ਜੋ ਸਾਡੇ ਵਿਗਾਸ ਅਤੇ ਭਲੇ ਲਈ ਅਤਿ ਲੋੜੀਂਦਾ ਹੈ।

ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੪॥

ਜਿਵੇਂ ਮੱਛੀ ਲਈ ਪਾਣੀ ਬਹੁਤ ਜ਼ਰੂਰੀ ਹੈ, ਉਸੇ ਤਰ੍ਹਾਂ ਮੇਰੇ ਮਨ ਲਈ ਸਰਬ ਵਿਆਪਕ ਊਰਜਾ ਵੀ। ਇਹ ਭਾਵ ਦਰਸਾਉਂਦਾ ਹੈ ਕਿ ਸਾਡੀ ਅੰਤਰ-ਆਤਮਾ ਸਿਰਫ਼ ਸਦਗੁਣਾਂ ਦੀ ਸੰਗਤ ਵਿਚ ਹੀ ਪ੍ਰਫੁੱਲਤ ਹੁੰਦੀ ਹੈ। (੪)

ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥

ਜਗਿਆਸੂ ,ਸਾਧਕ ਅਤੇ ਰਿਸ਼ੀ ਸਭ ਉਸਦੀ ਪ੍ਰਾਪਤੀ ਲਈ ਯਤਨ ਕਰਦੇ ਹਨ, ਪਰ ਅਸਲ ਵਿਚ ਵਿਰਲੇ ਹੀ ਇਸਨੂੰ ਪ੍ਰਾਪਤ ਕਰਦੇ ਹਨ। ਇਹ ਭਾਵ ਸਪਸ਼ਟ ਕਰਦਾ ਹੈ ਕਿ ਪਰਮ ਸਤਾ ਦੀ ਭਾਲ ਸਰਬ ਵਿਆਪਕ ਹੈ, ਪਰ ਇਹ ਸਿਰਫ ਉਨ੍ਹਾਂ ਦੁਆਰਾ ਹੀ ਪ੍ਰਾਪਤ ਕੀਤੀ ਜਾਂਦੀ ਹੈ ਜੋ ਇਮਾਨਦਾਰੀ ਅਤੇ ਏਕਤਾ ਨੂੰ ਮੂਰਤੀਮਾਨ ਕਰਦੇ ਹਨ।

ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥

ਜਿਵੇਂ ਸਮੁੱਚੀ ਹੋਂਦ ਤੁਹਾਡੇ ਮੂਲ ਤੱਤਸਾਰ ਨੂੰ ਪਿਆਰਦੀ ਅਤੇ ਸੰਵਾਰਦੀ ਹੈ, ਨਾਮਦੇਵ ਕਹਿੰਦੇ ਹਨ ਇਹ ਉਸੇ ਤਰ੍ਹਾਂ ਉਨ੍ਹਾਂ ਦੇ ਮਨ ਨੂੰ ਪਿਆਰੀ ਹੈ। ਇਹ ਭਾਵ ਪੁਸ਼ਟੀ ਕਰਦਾ ਹੈ ਕਿ ਜਿਹੜੀ ਸਤਾ ਬਾਹਰੀ ਸੰਸਾਰ ਨੂੰ ਸੰਭਾਲਦੀ ਹੈ, ਉਹੀ ਸਤਾ ਅੰਤਰ-ਆਤਮਾ ਨੂੰ ਅੰਦਰ ਵੱਲ ਖਿੱਚ ਪਾਉਂਦੀ ਹੈ। (੫)(੩)

ਤੱਤ: ਭਗਤ ਨਾਮਦੇਵ ਇਸ ਤੱਥ ਨੂੰ ਦਰਸਾਉਂਦੇ ਹਨ ਕਿ ਅਦ੍ਰਿਸ਼, ਸਰਬਵਿਆਪੀ ਹਾਜ਼ਰਤਾ ਜੋ ਸੰਸਾਰ ਨੂੰ ਕਾਇਮ ਰੱਖਦੀ ਹੈ, ਓਸੇ ਹਾਜ਼ਰਤਾ ਨੂੰ ਜਾਗ੍ਰਿਤ ਮਨ ਸਭ ਤੋਂ ਵੱਧ ਪਿਆਰ ਕਰਦਾ ਹੈ। ਜਿਵੇਂ ਪਾਣੀ ਮਾਰੂਥਲ ਅਤੇ ਮੱਛੀਆਂ ਲਈ ਜ਼ਰੂਰੀ ਹੈ, ਅਤੇ ਖੁਸ਼ਬੂ ਭਵਰੇ ਲਈ ਲੋੜੀਂਦੀ ਹੁੰਦੀ ਹੈ। ਉਸੇ ਤਰ੍ਹਾਂ ਸਾਡੇ ਲਈ ਜਾਗਰੂਕਤਾ ਅਤਿ ਜ਼ਰੂਰੀ ਹੈ ਅਤੇ ਇਹ ਸਾਡੀ ਰੂਹਾਨੀ ਭਲਾਈ ਲਈ ਕੋਈ ਚੋਣ ਦਾ ਵਿਸ਼ਾ ਨਹੀਂ ਹੈ। ਇਸ ਲਈ, ਸਾਡੀ ਅੰਤਰ-ਆਤਮਾ ਕੁਦਰਤੀ ਤੌਰ 'ਤੇ ਉਸ ਵੱਲ ਖਿੱਚੀ ਜਾਂਦੀ ਹੈ ਜੋ ਇਸਨੂੰ ਸਕੂਨ ਦੇ ਪਾਲਦੀ ਪੋਸ਼ਦੀ ਹੈ। ਹਕੀਕਤ ਦੀ ਭਾਲ ਪਿਆਰ ਜਿੰਨੀ ਮਿੱਠੀ, ਪਿਆਸ ਜਿੰਨੀ ਸੁਭਾਵਿਕ, ਅਤੇ ਬੱਚੇ ਲਈ ਦੁੱਧ ਦੀ ਜ਼ਰੂਰਤ ਜਿੰਨੀ ਕੋਮਲ ਹੈ। ਭਾਵੇਂ, ਬਹੁਤ ਸਾਰੇ ਇਸ ਜਾਗਰੂਕਤਾ ਦੀ ਭਾਲ ਕਰਦੇ ਹਨ, ਪਰ ਵਿਰਲੇ ਹਨ ਹੀ ਅੰਤਰੀਵੀ ਮਿਲਾਪ ਨੂੰ ਕਲਾਵੇ ਵਿਚ ਲੈ ਏਕਮ ਸਤਾ ਨੂੰ ਪਛਾਣਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

**ਵੈੱਬਸਾਈਟ: [OnenessInDiversity.com]**

**ਈਮੇਲ: onenessindiversityfoundation@gmail.com**